# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

Room No.455,Mini Secretariate,3rd floor,
ਮੇਲ ਆਈ ਡੀ deosebathinda@punjab education.gov.in

ਵੱਲ

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।
ਪੱਤਰ ਨੰ : ਜੀ-1/1 ( ) 2023 / 3036
ਮਿਤੀ : 10 /04/2023

ਵਿਸ਼ਾ : ਬਠਿੰਡਾ ਜਿਲ੍ਹੇ ਦੇ ਸਾਰੇ ਸਕੂਲਾਂ ਵਿਚ ਜਾਦੂ ਦਾ ਸ਼ੋਅ ਦਿਖਾਉਣ ਸਬੰਧੀ ।

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਪ੍ਰਾਪਤ ਪੱਤਰ ਦੇ ਹੁਕਮਾਂ ਅਨੁਸਾਰ ਮਿਤੀ 05/04/2023 ਦੇ ਸਬੰਧ ਵਿਚ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਜਿਲ੍ਹੇ ਅੰਦਰ ਵੱਖ-ਵੱਖ ਸਰਕਾਰੀ ਗੈਰ ਸਰਕਾਰੀ / ਸਕੂਲਾਂ ਵਿਚ ਆਪਣਾ ਜਾਦੂ ਸ਼ੋਅ / ਦਿਖਾਉਣ ਸਬੰਧੀ ਮਿਤੀ :11/04/2023 ਤੋਂ 30/09/2023 ਤੱਕ ਪ੍ਰਵਾਨਗੀ ਦਿੱਤੀ ਜਾਂਦੀ ਹੈ ।

1. ਇਸ ਜਾਦੂ ਸ਼ੋਅ ਵਿਚ ਬੱਚਿਆਂ ਨੂੰ ਅੰਧਵਿਸ਼ਵਾਸ਼ ਤੋਂ ਬਾਹਰ ਕੱਢਿਆ ਜਾਵੇਗਾ ਅਤੇ ਬੇਟੀ ਬਚਾਉ ਅਤੇ ਬੇਟੀ ਪੜ੍ਹਾਉ ਪਾਣੀ ਬਚਾਉ ਅਤੇ ਜੀਵਨ ਬਚਾਉ , ਰੁੱਖ ਲਗਾਉ ਅਤੇ ਜੀਵਨ ਬਚਾਉ ਦੇ ਸਬੰਧ ਵਿਚ ਜਾਣਕਾਰੀ ਦਿੱਤੀ ਜਾਵੇਗੀ।

2. ਇਸ ਜਾਦੂ ਦੇ ਸ਼ੋਅ ਵਿਚ ਕੋਈ ਜੂਏ ਵਾਲੀ ਸਟਾਲ /ਖੇਡ ਨਹੀਂ ਖੇਡੀ ਜਾਵੇਗੀ / ਜਿਸ ਨਾਲ ਬੱਚਿਆਂ ਤੇ ਗਲਤ ਪ੍ਰਭਾਵ ਅਤੇ ਸ਼ੋਅ ਵਿਚ ਕੋਈ ਡਰਾਉਣੀ ਆਇਟਮ ਨਾ ਪੇਸ਼ ਕੀਤੀ ਜਾਵੇ, ਜਿਸ ਨਾਲ ਬੱਚਿਆਂ ਵਿੱਚ ਡਰ ਪੈਂਦਾ ਹੋਵੇ।

3. ਜਾਦੂ ਦੇ ਸ਼ੋਅ ਦੌਰਾਨ ਹੋਣ ਵਾਲੇ ਖਰਚੇ ਦੀ ਜਿੰਮੇਵਾਰੀ ਸ਼ੋਅ ਕਰਨ ਵਾਲੇ ਜਾਦੂਗਰ ਦੀ ਹੋਵੇਗੀ ।

4. ਜਾਦੂ ਦਾ ਸ਼ੋਅ ਕਰਨ ਤੋਂ ਪਹਿਲਾਂ ਸਬੰਧਿਤ ਸਕੂਲ ਦੇ ਮੁੱਖ ਅਧਿਆਪਕ / ਪ੍ਰਿੰਸੀਪਲ ਨਾਲ ਤਾਲਮੇਲ ਕਰਕੇ ਸ਼ੋਅ ਦਾ ਸਮਾਂ ਅਤੇ ਤਰੀਕ ਨਿਸ਼ਚਿਤ ਕੀਤੀ ਜਾਵੇ, ਤਾਂ ਜੋ ਬੱਚਿਆਂ ਦੀ ਪੜ੍ਹਾਈ ਤੇ ਮਾੜ੍ਹਾ ਪ੍ਰਭਾਵ ਨਾ ਪਵੇ ।

5. ਇਸ ਤੋਂ ਇਲਾਵਾ ਜਿਲ੍ਹਾ ਬਠਿੰਡਾ ਵਿਚ ਸਥਿਤ ਸਕੂਲ ਦੇ ਪ੍ਰਿੰਸੀਪਲਾਂ /ਮੁੱਖ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸ਼ੋਅ ਸਬੰਧੀ ਆਪਣੇ-ਆਪਣੇ ਸਕੂਲ ਵਿੱਚ ਲੋੜੀਦੇ ਪ੍ਰਬੰਧ ਹਿੱਤ ਮੈਜਿਕ ਸ਼ੋਅ ਕਰਵਾਉਣ ਵਾਲੇ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦੇਣ ਅਤੇ ਉਕਤ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

10/4/2023

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

ਪਿੱ.ਅੰ. ਨੰ : ਉਕਤ ਮਿਤੀ : ਉਕਤ

ਉਪਰੋਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।